**ਮਿਤੀ 30.3.2015 ਨੂੰ ਮਾਨਯੋਗ ਸ਼੍ਰੀ ਚੁੰਨੀ ਲਾਲ ਭਗਤ, ਕਿਰਤ ਮੰਤਰੀ-ਕਮ-ਚੇਅਰਮੈਨ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਹੋਈ 16ਵੀਂ ਮੀਟਿੰਗ ਦੀ ਕਾਰਵਾਈ ਰਿਪੋਰਟ।**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ 16ਵੀਂ ਮੀਟਿੰਗ ਬੋਰਡ ਦੇ ਚੇਅਰਮੈਨ ਸ੍ਰੀ ਚੁੰਨੀ ਲਾਲ ਭਗਤ ਜੀ ਦੀ ਪ੍ਰਧਾਨਗੀ ਹੇਠ ਮਿਤੀ 30.3.2015 ਨੂੰ ਸਮਾਂ 1.30 ਵਜੇ (ਬ.ਦ) ਫਾਰੈਸਟ ਕੰਪਲੈਕਸ, ਸੈਕਟਰ 68, ਮੁਹਾਲੀ ਵਿਖੇ ਹੋਈ। ਮੀਟਿੰਗ ਵਿੱਚ ਉਪਸਥਿਤ ਮੈਂਬਰਾਂ/ਪ੍ਰਤੀਨਿਧਾਂ ਦੇ ਨਾਮ ਅਨੁਲੱਗ 'ੳ' ਵਿੱਚ ਦਰਜ ਕੀਤੇ ਗਏ ਹਨ।

ਮੀਟਿੰਗ ਦੇ ਅਰੰਭ ਵਿੱਚ ਮੈਂਬਰ ਸਕੱਤਰ ਵਲੋਂ ਮਾਨਯੋਗ ਕਿਰਤ ਮੰਤਰੀ ਪੰਜਾਬ-ਕਮ-ਚੇਅਰਮੈਨ ਬੋਰਡ ਜੀ ਨੂੰ ਅਤੇ ਬਾਕੀ ਮੈਂਬਰ ਸਾਹਿਬਾਨ ਨੂੰ "ਜੀ ਆਇਆ" ਆਖਿਆ ਗਿਆ। ਇਸ ਉਪਰੰਤ ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਮੀਟਿੰਗ ਦੀ ਕਾਰਵਾਈ ਆਰੰਭ ਹੋਈ। ਮੈਂਬਰ ਸਕੱਤਰ ਵਲੋਂ ਮੀਟਿੰਗ ਦੇ ਵੱਖ-ਵੱਖ ਅਜੰਡਿਆਂ ਬਾਰੇ ਮੈਂਬਰ ਸਾਹਿਬਾਨ ਨੂੰ ਜਾਣਕਾਰੀ ਦਿਤੀ ਗਈ, ਜਿਨ੍ਹਾਂ ਬਾਰੇ ਬੋਰਡ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

**ਆਈਟਮ ਨੰ:1** **ਬੋਰਡ ਦੀ 15ਵੀਂ ਮੀਟਿੰਗ ਮਿਤੀ 21.1.2015 ਦੀ ਕਾਰਵਾਈ ਦੀ ਪੁਸ਼ਟੀ।**

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਦੀ ਮਿਤੀ 21.1.2015 ਨੂੰ ਹੋਈ 15ਵੀਂ ਮੀਟਿੰਗ ਦੀ ਕਾਰਵਾਈ ਸਮੂਹ ਮੈਂਬਰ ਸਾਹਿਬਾਨ ਨੂੰ ਪੱਤਰ ਨੰ:ਬਕਵਵਬ/ਮੀਟਿੰਗ/2014-15/672-681 ਮਿਤੀ 11.2.2015 ਰਾਹੀਂ ਭੇਜ ਦਿਤੀ ਗਈ ਸੀ, ਜਿਸ ਬਾਰੇ ਕਿਸੇ ਮੈਂਬਰ ਪਾਸੋਂ ਕੋਈ ਇਤਰਾਜ ਪ੍ਰਾਪਤ ਨਹੀਂ ਹੋਇਆ, ਜਿਸ ਉਪਰੰਤ ਬੋਰਡ ਵਲੋਂ 15ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਆਈਟਮ ਨੰ:2** **ਬੋਰਡ ਦੀ 15ਵੀਂ ਮੀਟਿੰਗ ਵਿਚ ਲਏ ਫੈਸਲਿਆਂ ਤੇ ਕੀਤੀ ਕਾਰਵਾਈ ਬਾਰੇ।**

ਮੈਂਬਰ ਸਕੱਤਰ ਵਲੋਂ ਬੋਰਡ ਦੀ 15ਵੀਂ ਮੀਟਿੰਗ ਸਬੰਧੀ ਆਈਟਮ ਵਾਈਜ ਕੀਤੀ ਕਾਰਵਾਈ ਬਾਰੇ ਐਨੋਟੇਟਿਡ ਫਾਰਮ ਵਿਚ ਮੈਂਬਰਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿਤੀ ਗਈ। ਮੈਂਬਰ ਸਾਹਿਬਾਨ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਇਸ ਆਈਟਮ ਵਿਚ ਹੇਠ ਲਿਖੀਆਂ ਮੱਦਾਂ ਤੇ ਪੁਨਰ ਵਿਚਾਰ ਕਰਦੇ ਹੋਏ ਹੇਠ ਲਿਖੇ ਅਨੁਸਾਰ ਮੁੜ ਫੈਸਲੇ ਲਏ ਗਏ:-

**12ਵੀਂ ਮੀਟਿੰਗ ਅਜੰਡਾ ਆਈਟਮ ਨੰ: 8** **ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਪੰਜਾਬ ਰਾਜ ਵਿੱਚ 9ਵੀਂ ਤੋਂ 12ਵੀਂ ਤੱਕ ਪੜ੍ਹਾਈ ਦੌਰਾਨ ਸਾਈਕਲ ਦੀ ਖ੍ਰੀਦ ਲਈ ਸਾਈਕਲ ਸਕੀਮ।**

ਇਸ ਮੁੱਦੇ ਤੇ ਵਿਚਾਰ ਵਟਾਂਦਰੇ ਦੌਰਾਨ ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਸਾਈਕਲਾਂ ਦੀ ਖ੍ਰੀਦ ਸਬੰਧੀ ਬੋਰਡ ਵਲੋਂ ਟੈਂਡਰ ਮੰਗੇ ਗਏ ਸਨ। ਇਸ ਸਬੰਧੀ ਕੇਵਲ ਦੋ ਕੰਪਨੀਆਂ ਮੈਸ: ਵਿਸ਼ਾਲ ਸਾਈਕਲਜ਼ ਪ੍ਰਾ. ਲਿਮ. ਲੁਧਿਆਣਾ ਅਤੇ ਮੈਸ: ਹੀਰੋ ਸਾਈਕਲਜ਼ ਲੁਧਿਆਣਾ ਵਲੋਂ ਜੈਂਟਸ/ਲੈਡਿਜ਼ ਸਾਈਕਲਾਂ ਦੇ ਬਲਕ ਸਪਲਾਈ ਦੇ ਰੇਟ ਦਿਤੇ ਗਏ ਸਨ, ਜਿਨ੍ਹਾਂ ਵਿਚੋਂ ਮੈਸ: ਵਿਸ਼ਾਲ ਸਾਈਕਲਜ਼ ਦੇ ਰੇਟ ਮੈਸ: ਹੀਰੋ ਸਾਈਕਲਜ਼ ਦੇ ਰੇਟਾਂ ਨਾਲੋਂ ਘੱਟ ਸਨ। ਟੈਂਡਲ ਖੋਲਣ ਸਮੇਂ ਸਲਾਹਕਾਰ ਬੋਰਡ ਵਲੋਂ ਦੋਨੋ ਕੰਪਨੀਆਂ ਦੇ ਨੁਮਾਇੰਦਿਆਂ ਨੂੰ ਰੇਟ ਹੋਰ ਘਟਾਣ ਲਈ ਕਿਹਾ ਗਿਆ ਪਰੰਤੂ ਉਨ੍ਹਾਂ ਨੇ ਰੇਟ ਘਟਾਣ ਤੋਂ ਨਾਂਹ ਕਰ ਦਿਤੀ ਸੀ। ਇਸ ਸਬੰਧ ਵਿੱਚ ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਵਿਚਾਰ ਪ੍ਰਗਟ ਕੀਤੇ ਗਏ ਕਿ ਭਾਵੇਂ ਮੈਸ: ਵਿਸ਼ਾਲ ਸਾਈਕਲਜ਼ ਦੇ ਰੇਟ ਮੈਸ: ਹੀਰੋ ਸਾਈਕਲਜ਼ ਨਾਲੋ ਕੁਝ ਘੱਟ ਹਨ, ਪਰੰਤੂ ਮੈਸ: ਵਿਸ਼ਾਲ ਸਾਈਕਲਸ ਦੀ ਕੰਪਨੀ ਜਿਆਦਾ Popular ਨਹੀ ਹੈ ਜਦਕਿ ਮੈਸ: ਹੀਰੋ ਸਾਈਕਲਜ਼ ਦੀ ਗੁਣਵੱਤਤਾ ਬਾਰੇ ਕੋਈ ਸ਼ਕ ਨਹੀ ਹੈ ਅਤੇ ਇਸ ਕੰਪਨੀ ਦਾ ਵਿਸ਼ਵ ਪੱਧਰ ਤੇ Brand name ਹੈ ਜਿਸ ਕਰਕੇ ਇਸ ਕੰਪਨੀ ਦੀ ਸਪਲਾਈ ਅਤੇ ਕੁਆਲਿਟੀ ਪੂਰਣ ਭਰੋਸੇਮੰਦ ਹੋਵੇਗੀ। ਪ੍ਰਮੁੱਖ ਸਕੱਤਰ ਕਿਰਤ ਜੀ ਦੇ ਇਸ ਵਿਚਾਰ ਨਾਲ ਸਹਿਮਤ ਹੁੰਦੇ ਹੋਏ ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਬੋਰਡ ਦੀ ਸਾਈਕਲ ਸਕੀਮ ਅਧੀਨ ਜੈਂਟਸ ਅਤੇ ਲੈਡਿਜ਼ ਦੋਵੇਂ ਤਰ੍ਹਾਂ ਦੇ ਸਾਈਕਲ ਮੈਸ: ਹੀਰੋ ਸਾਈਕਲਜ਼ ਲੁਧਿਆਣਾ ਤੋਂ ਖ੍ਰੀਦ ਲਏ ਜਾਣ ਬੋਰਡ ਵਲੋਂ ਇਹ ਵੀ ਕਿਹਾ ਗਿਆ ਕਿ ਸਾਈਕਲਾਂ ਦੀ ਖਰੀਦ ਕਰਨ ਤੋਂ ਪਹਿਲਾਂ ਮੈਸ:

ਹੀਰੋ ਸਾਈਕਲ ਨਾਲ ਇਕ ਵਾਰੀ ਹੋਰ negotiation ਕਰ ਲਈ ਜਾਵੇ ਤਾਂ ਜੋ ਬੋਰਡ ਨੂੰ ਇਹ ਸਾਈਕਲ ਘੱਟੋ-ਘੱਟ ਰੇਟ ਤੇ ਮਿਲ ਸਕਣ। ਇਸ ਮੰਤਵ ਲਈ ਬੋਰਡ ਵਲੋ ਂਸਕੱਤਰ ਬੋਰਡ ਨੂੰ ਅਧਿਕਾਰਤ ਕੀਤਾ ਗਿਆ ਅਤੇ ਸਾਈਕਲਾਂ ਦੀ ਖ੍ਰੀਦ ਸਬੰਧੀ ਅਗਲੀ ਕਾਰਵਾਈ ਕਰਨ ਲਈ ਕਿਹਾ ਗਿਆ।

| | |
|---|---|
| **14ਵੀਂ ਮੀਟਿੰਗ ਸਪਲੀਮੈਂਟਰੀ ਅਜੰਡਾ ਆਈਟਮ ਨੰ: 2** | **ਬੋਰਡ ਵਲੋਂ ਆਮਦਨ ਕਰ ਐਪੀਲੇਟ ਟਰਿਬਿਊਨਲ, ਚੰਡੀਗੜ੍ਹ ਪਾਸ ਦਾਇਰ ਕੀਤੇ ਗਏ ਆਮਦਨ ਕਰ ਕੇਸ ਦੀ ਤਾਜਾ ਸਥਿਤੀ ਬਾਰੇ।** |

ਇਸ ਮੱਦ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੰਦੇ ਹੋਏ ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਸਾਲ 2009-10 ਅਤੇ 2010-11 ਸਬੰਧੀ ਬੋਰਡ ਵਲੋਂ ਜਮ੍ਹਾਂ ਕਰਵਾਏ ਇਨਕਮ ਟੈਕਸ ਦੀ ਵਾਪਸੀ ਸਬੰਧੀ ਬੋਰਡ ਵਲੋਂ ਦੂਜੇ ਪੜਾਅ ਦੀ ਕਾਰਵਾਈ ਮੁਕੰਮਲ ਕਰ ਲਈ ਗਈ ਹੈ। ਇਸ ਸਬੰਧ ਵਿੱਚ ਅਗਲੇ ਪੜਾਅ ਤੇ ਅਸੈਸਿੰਗ ਅਥਾਰਿਟੀ ਦੁਆਰਾ ਅਪਣੇ ਅਸੈਸਮੈਂਟ ਆਡਰ ਨੂੰ ਰਿਵਾਈਜ਼ ਕਰਨਾ ਬਾਕੀ ਹੈ, ਜਿਸ ਲਈ ਬੋਰਡ ਵਲੋਂ engage ਕੀਤੇ ਲੁਧਿਆਣਾ ਦੇ ਐਕਸਪਰਟ ਵਕੀਲ ਵਲੋਂ ਕੇਸ ਦੀ ਪੈਰਵਾਈ ਕੀਤੀ ਜਾ ਰਹੀ ਹੈ ਜੋਕਿ ਇਨਕਮ ਟੈਕਸ ਦੇ ਰਿਫੰਡ ਸਬੰਧੀ ਤੀਸਰੇ ਅਤੇ ਆਖਰੀ ਪੜਾਅ ਦਾ ਕੰਮ ਹੈ ਅਤੇ ਉਮੀਦ ਹੈ ਇਹ ਕਾਰਵਾਈ ਜਲਦੀ ਹੀ ਮੁਕੰਮਲ ਹੋ ਜਾਵੇਗੀ। ਇਸ ਸਬੰਧੀ ਹੋਈ ਪ੍ਰਗਤੀ ਬਾਰੇ ਮੈਂਬਰ ਸਹਿਬਾਨ ਨੇ ਮੋਕੇ ਤੇ ਸੰਤੁਸ਼ਟੀ ਪ੍ਰਗਟ ਕਰਦੇ ਹੋਏ, ਇਨਕਮ ਟੈਕਸ ਦੀ 56 ਕਰੋੜ ਦੀ ਰਾਸ਼ੀ ਜੋ ਵਿਆਜ ਸਮੇਤ ਆਮਦਨ ਕਰ ਵਿਭਾਗ ਵਲੋਂ ਬੋਰਡ ਨੂੰ ਰਿਫੰਡ ਕੀਤੀ ਜਾਵੇਗੀ ਸਬੰਧੀ ਕੀਤੇ ਕੰਮ ਦੀ ਪ੍ਰਸ਼ੰਸਾ ਕੀਤੀ ਗਈ।

| | |
|---|---|
| **14ਵੀਂ ਮੀਟਿੰਗ ਸਪਲੀਮੈਂਟਰੀ ਅਜੰਡਾ ਆਈਟਮ ਨੰ: 6** | **ਬੋਰਡ ਦੇ ਕੰਮ ਵਾਸਤੇ ਵੱਖ-ਵੱਖ ਖੇਤਰੀ ਦਫਤਰਾਂ ਵਿੱਚ ਡੈਡੀਕੇਟਿਡ ਵਰਕਰ ਰੱਖਣ ਬਾਰੇ।** |

ਖੇਤਰੀ ਦਫਤਰਾਂ ਵਿੱਚ ਪੈਸਕੋ ਰਾਹੀਂ ਨਿਯੁਕਤ ਫੀਲਡ ਸਹਾਇਕਾਂ ਦੁਆਰਾ ਮਹੀਨਾ ਜਨਵਰੀ ਅਤੇ ਫਰਵਰੀ 2015 ਦੋਰਾਨ ਕੀਤੇ ਗਏ ਕੰਮ ਬਾਰੇ ਮੈਂਬਰ ਸਕੱਤਰ ਵਲੋਂ ਰਿਪੋਟ ਮੀਟਿੰਗ ਵਿੱਚ ਪੇਸ਼ ਕੀਤੀ ਗਈ। ਇਸ ਸਬੰਧੀ ਪ੍ਰੇਖਣ ਕਰਦੇ ਹੋਏ ਮਾਨਯੋਗ ਚੇਅਰਮੈਨ ਜੀ ਵਲੋਂ ਵਿਚਾਰ ਪ੍ਰਗਟ ਕੀਤੇ ਗਏ ਕਿ ਫੀਲਡ ਸਹਾਇਕ ਪੜ੍ਹੇ ਲਿਖੇ ਵਿਅਕਤੀ ਹਨ ਅਤੇ ਫੀਲਡ ਅਧਿਕਾਰੀਆਂ ਨੂੰ ਚਾਹੀਦਾ ਹੈ ਕਿ ਇਨ੍ਹਾਂ ਨੂੰ ਦਫਤਰੀ ਕੰਮ ਬਾਰੇ ਉੱਚਿਤ ਗਾਈਡੈਂਸ ਦਿੰਦੇ ਹੋਏ, ਇਨ੍ਹਾਂ ਨੂੰ ਹਦਾਇਤਾਂ ਅਨੁਸਾਰ ਕੰਮ ਕਰਨ ਲਈ motivate ਕੀਤਾ ਜਾਵੇ ਤਾਂ ਜੋ ਇਨ੍ਹਾਂ ਫੀਲਡ ਸਹਾਇਕਾਂ ਵਲੋਂ ਬੋਰਡ ਦੇ ਕੰਮ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਇਆ ਜਾ ਸਕੇ। ਬੋਰਡ ਵਲੋਂ ਇਸ ਬਾਰੇ ਸਰਵ ਸੰਮਤੀ ਨਾਲ ਸਹਿਮਤੀ ਪ੍ਰਗਟ ਕੀਤੀ।

| | |
|---|---|
| **15ਵੀਂ ਮੀਟਿੰਗ ਅਜੰਡਾ ਆਈਟਮ ਨੰ: 3** | **ਮਿਤੀ 1.4.2014 ਤੋਂ 31.12.2014 ਦੋਰਾਨ ਬੋਰਡ ਦੀ ਆਮਦਨ ਅਤੇ ਖਰਚੇ ਦੀ ਸਥਿਤੀ।** |

ਇਸ ਮੱਦ ਤੇ ਵਿਚਾਰ ਵਟਾਂਦਰੇ ਦੋਰਾਨ ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਐਲ.ਆਈ.ਸੀ ਦੁਆਰਾ ਬੋਰਡ ਦੀ ਪੈਨਸ਼ਨ ਸਕੀਮ ਅਧੀਨ ਹੁਣ ਤੱਕ ਤਕਰੀਬਨ 1,20,000 ਲਾਭਪਾਤਰੀਆਂ ਨੂੰ ਪੈਨਸ਼ਨ ਮੈਂਬਰਸ਼ਿਪ ਸਰਟੀਫਿਕੇਟ ਜਾਰੀ ਕੀਤੇ ਜਾ ਚੁਕੇ ਹਨ ਅਤੇ ਇਹ ਪ੍ਰੋਸੈਸ ਲਗਾਤਾਰ ਚਲ ਰਿਹਾ ਹੈ ਜਿਵੇਂ ਜਿਵੇਂ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਹੋਣ ਉਪਰੰਤ ਹੋਰ ਡਾਟਾ ਫੀਲਡ ਅਧਿਕਾਰੀਆਂ ਪਾਸੋਂ ਪ੍ਰਾਪਤ ਹੋਵੇਗਾ, ਉਹ ਡਾਟਾ ਐਲ.ਆਈ.ਸੀ ਨੂੰ ਪੈਨਸ਼ਨ ਮੈਂਬਰਸ਼ਿਪ ਸਰਟੀਫਿਕੇਟ ਜਾਰੀ ਕਰਨ ਲਈ ਭੇਜ ਦਿਤਾ ਜਾਵੇਗਾ। ਇਸ ਨਾਲ ਬੋਰਡ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ।

**15ਵੀਂ ਮੀਟਿੰਗ ਸਪਲੀਮੈਂਟਰੀ ਅਜੰਡਾ ਆਈਟਮ ਨੰ: 2**

**Recognition of Prior Learning (RPL) ਦੇ concept ਨੂੰ ਆਧਾਰ ਮਨਦੇ ਹੋਏ ਪਹਿਲਾਂ ਪ੍ਰਵਾਨਤ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀ ਅਪਗ੍ਰੇਡੇਸ਼ਨ ਅਤੇ ਉਨ੍ਹਾਂ ਦੇ ਬੱਚਿਆਂ ਲਈ ਵੋਕੇਸ਼ਨਲ ਐਜੂਕੇਸ਼ਨ ਸਕੀਮ ਵਿੱਚ ਸੋਧ ਕਰਨ ਅਤੇ ਸਕੀਮ ਦੇ latest status ਬਾਰੇ।**

ਇਸ ਮੱਦ ਤੇ ਵਿਚਾਰ ਵਟਾਂਦਰੇ ਉਪਰੰਤ ਬੋਰਡ ਵਲੋਂ ਸਕਿਲ ਡਿਵੈਲਪਮੈਂਟ ਅਤੇ ਆਰ.ਪੀ.ਐਲ ਦੇ concept ਦੇ ਆਧਾਰ ਤੇ ਤਕਨੀਕੀ ਸਿਖਿਆ ਵਿਭਾਗ ਵਲੋਂ ਭੇਜੇ ਗਏ ਐਮ.ਓ.ਯੂ ਜੋਕਿ "ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ" (ਪਹਿਲੀ ਧਿਰ) ਅਤੇ ਪੰਜਾਬ ਸਕਿਲ ਡਿਵੈਲਪਮੈਂਟ ਮਿਸ਼ਨ ਸੋਸਾਈਟੀ, ਗੋਰਮਿੰਟ ਆਫ ਪੰਜਾਬ (ਦੂਜੀ ਧਿਰ) ਵਿਚਕਾਰ ਕੀਤਾ ਜਾਣਾ ਹੈ, ਦਾ ਖਰੜਾ ਪ੍ਰਵਾਨ ਕੀਤਾ ਗਿਆ। ਮੋਕੇ ਤੇ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਇਸ ਗੱਲ ਤੇ ਜੋਰ ਦਿਤਾ ਗਿਆ ਕਿ ਸਕਿਲ ਡਿਵੈਲਪਮੈਂਟ ਅਤੇ ਆਰ.ਪੀ.ਐਲ ਸਬੰਧੀ ਹੋਈ ਪ੍ਰਗਤੀ ਬਾਰੇ ਸਕੱਤਰ ਬੋਰਡ ਨਿਜੀ ਤੋਰ ਤੇ ਤਕਨੀਕੀ ਸਿਖਿਆ ਵਿਭਾਗ ਨਾਲ ਮੀਟਿੰਗ ਕਰਿਆ ਕਰਨ ਅਤੇ ਇਸ ਸਬੰਧੀ latest ਸਥਿਤੀ ਬੋਰਡ ਦੀ ਮੀਟਿੰਗ ਵਿੱਚ ਪੇਸ਼ ਕਰਿਆ ਕਰਨ। ਮੀਟਿੰਗ ਦੋਰਾਨ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸਕੱਤਰ ਤਕਨੀਕੀ ਸਿਖਿਆ ਵਿਭਾਗ ਜੀ ਨਾਲ ਮੋਬਾਇਲ ਤੇ ਗੱਲ ਬਾਤ ਕੀਤੀ ਗਈ ਅਤੇ ਉਨ੍ਹਾਂ ਨੂੰ ਇਹ ਮਹਿਸੂਸ ਕਰਵਾਇਆ ਕਿ ਕਿਉਂ ਜੋ ਉਸਾਰੀ ਕਿਰਤੀ migratory ਅਤੇ ਕੰਮਜੋਰ ਵਰਗ ਨਾਲ ਸਬੰਧ ਰੱਖਦੇ ਹਨ ਅਤੇ ਜੇਕਰ ਉਨ੍ਹਾਂ ਨੂੰ ਇਹ ਟ੍ਰੇਨਿੰਗ ਤੁਰੰਤ ਨਾ ਦਿਤੀ ਗਈ ਤਾਂ ਹੋ ਸਕਦਾ ਹੈ ਕਿ ਉਹ ਬੋਰਡ ਵਲੋਂ ਭੇਜੇ ਡਾਟੇ ਵਿੱਚ ਦਰਸਾਏ ਐਡਰੇਸ ਤੇ ਉਪਲਬਧ ਨਾ ਹੋਣ ਜਾਂ ਉਹ ਕਿਸੀ ਹੋਰ ਥਾਂ ਤੇ ਨਵੇਂ ਕੰਮ ਵਿੱਚ ਰੁਝ ਜਾਣ। ਇਸ ਲਈ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸਕੱਤਰ ਤਕਨੀਕੀ ਸਿਖਿਆ ਵਿਭਾਗ ਨੂੰ ਉਸਾਰੀ ਕਿਰਤੀਆਂ ਦੀ ਟ੍ਰੇਨਿੰਗ ਅਪ੍ਰੈਲ 2015 ਤੋਂ ਅਰੰਭ ਕਰਵਾਉਣ ਲਈ ਕਿਹਾ ਗਿਆ ਅਤੇ ਕਿਰਤੀਆਂ ਨੂੰ ਦਿਤੀ ਜਾਣ ਵਾਲੀ ਟ੍ਰੇਨਿੰਗ ਦਾ ਕਲੈਂਡਰ ਸ਼ਡਿਊਲ ਬਣਾਕੇ ਭੇਜਣ ਲਈ ਵੀ ਕਿਹਾ। ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸਕੱਤਰ ਤਕਨੀਕੀ ਸਿਖਿਆ ਵਿਭਾਗ ਨਾਲ ਮੋਬਾਇਲ ਤੇ ਹੋਈ ਸਾਰੀ ਗੱਲ ਬਾਤ ਦੀ ਜਾਣਕਾਰੀ ਬੋਰਡ ਨੂੰ ਦਿਤੀ ਗਈ ਜਿਸ ਬਾਰੇ ਬੋਰਡ ਵਲੋਂ ਸੰਤੁਸ਼ਟੀ ਪ੍ਰਗਟ ਕੀਤੀ ਗਈ।

**16ਵੀਂ ਮੀਟਿੰਗ ਅਜੰਡਾ ਆਈਟਮ ਨੰ:3**

**ਮਿਤੀ 1.4.2014 ਤੋਂ 28.2.2015 ਦੋਰਾਨ ਬੋਰਡ ਦੀ ਆਮਦਨ ਅਤੇ ਖਰਚੇ ਦੀ ਸਥਿਤੀ।**

ਇਸ ਅਜੰਡਾ ਆਈਟਮ ਵਿਚ ਬੋਰਡ ਵਲੋਂ ਪੇਸ਼ ਕੀਤੇ ਅੰਕੜਿਆਂ ਬਾਰੇ ਮੈਂਬਰ ਸਾਹਿਬਾਨ ਵਲੋਂ ਸੰਤੁਸ਼ਟੀ ਪ੍ਰਗਟ ਕੀਤੀ ਗਈ। ਮੋਕੇ ਤੇ ਸ੍ਰੀ ਕਰਤਾਰ ਸਿੰਘ ਰਾਠੋਰ– ਮੈਂਬਰ ਵਲੋਂ ਕਿਹਾ ਗਿਆ ਕਿ ਉਸਾਰੀ ਕਿਰਤੀਆਂ ਦੀ ਰਜਿਸਟਰੇਸ਼ਨ ਸਬੰਧੀ ਜਿਲਾ ਵਾਰ ਡਾਟਾ ਮੁਹਇਆ ਕਰਵਾਇਆ ਜਾਣਾ ਚਾਹੀਦਾ ਹੈ। ਇਸ ਬਾਰੇ ਬੋਰਡ ਵਲੋਂ ਅਗਲੀ ਮੀਟਿੰਗ ਵਿਚ ਲੋੜਿੰਦਾ ਜਿਲਾ ਵਾਰ ਡਾਟਾ ਪੇਸ਼ ਕਰਨ ਲਈ ਕਿਹਾ ਗਿਆ।

**16ਵੀਂ ਮੀਟਿੰਗ ਅਜੰਡਾ ਆਈਟਮ ਨੰ:4**

**ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ ਵੈਲਫੇਅਰ ਬੋਰਡ ਵਲੋਂ ਪੰਜੀਕ੍ਰਿਤ ਲਾਭਪਤਾਰੀ ਉਸਾਰੀ ਕਿਰਤੀਆਂ ਲਈ 'ਐਕਸਗ੍ਰੇਸ਼ਿਆ ਸਕੀਮ' ਅਧੀਨ ਅਪੰਗਤਾ ਦੀ ਸੂਰਤ ਵਿੱਚ ਐਕਸਗ੍ਰੇਸ਼ਿਆ ਦੀ ਰਾਸ਼ੀ ਵਿੱਚ ਵਾਧੇ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਮੌਜੂਦਾ ਸਕੀਮ ਵਿਚ ਆਂਸ਼ਿਕ ਸੋਧ ਕਰਦੇ ਹੋਏ ਪੂਰਨ ਅਪੰਗਤਾ (100%) ਦੀ ਸੂਰਤ ਵਿਚ ਲਾਭਪਾਤਰੀ ਉਸਾਰੀ ਕਿਰਤੀ ਲਈ 1.50 ਲੱਖ ਰੁਪਏ ਦੀ ਰਾਸ਼ੀ ਵੱਧਾ ਕੇ 2 ਲੱਖ ਰੁਪਏ ਕਰਨ ਦੀ ਪ੍ਰਵਾਨਗੀ ਦਿਤੀ ਗਈ ਅਤੇ ਇਸ ਅਧਾਰ ਤੇ ਆਂਸ਼ਿਕ ਅਪੰਗਤਾ ਦੇ ਕੇਸ ਬਾਰੇ ਵੀ ਇਹ ਫੈਸਲੇ ਲਿਆ ਗਿਆ ਕਿ ਅਜਿਹੇ ਕੇਸਾਂ ਵਿਚ ਕੁਲ 2 ਲੱਖ ਰੁਪਏ ਵਿਚੋਂ ਉਨੇ ਪ੍ਰਤੀਸ਼ਤ ਮੁਆਵਜਾ ਦਿਤਾ ਜਾਵੇ ਜਿਨੇ ਪ੍ਰਤੀਸ਼ਤ ਲਾਭਪਾਤਰੀ ਉਸਾਰੀ ਕਿਰਤੀ ਦੀ ਅਪੰਗਤਾ ਹੋਵੇ।

ਬੋਰਡ ਦੇ ਫੈਸਲੇ ਅਨੁਸਾਰ ਇਹ ਸੋਧ ਉਹਨਾ ਕੇਸਾਂ ਵਿਚ ਲਾਗੂ ਹੋਵੇਗੀ ਜਿਥੇ ਅਪੰਗਤਾ ਬੋਰਡ ਦੀ ਪ੍ਰਵਾਨਗੀ ਅਰਥਾਤ ਮਿਤੀ 30.3.2015 ਨੂੰ ਜਾਂ ਉਸ ਤੋਂ ਬਾਅਦ ਹੋਈ ਹੋਵੇ।

**16ਵੀਂ ਮੀਟਿੰਗ**
**ਅਜੰਡਾ ਆਈਟਮ ਨੰ:5**

**ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀਆਂ ਲੜਕੀਆਂ ਦੀ ਸ਼ਾਦੀ ਲਈ ਸ਼ਗਨ ਸਕੀਮ ਵਿਚ ਸੋਧ ਬਾਰੇ।**

ਮੈਂਬਰ ਸਕੱਤਰ ਵਲੋਂ ਦਸਿਆ ਗਿਆ ਹੈ ਕਿ ਬੋਰਡ ਵਲੋਂ ਇਸ ਸਕੀਮ ਅਧੀਨ 21000/- ਰੁਪਏ ਦੀ ਰਾਸ਼ੀ ਬਤੌਰ ਸ਼ਗਨ ਦਿਤੀ ਜਾਂਦੀ ਹੈ ਜਦਕਿ ਕੁਝ ਗਵਾਂਢੀ ਰਾਜਾਂ ਜਿਵੇਂ ਕਿ ਹਰਿਆਣਾ ਅਤੇ ਰਾਜਸਥਾਨ ਦੇ ਬੋਰਡਾਂ ਵਲੋਂ ਇਸ ਸਕੀਮ ਅਧੀਨ 51000/- ਰੁਪਏ ਦੀ ਰਾਸ਼ੀ ਦਿਤੀ ਜਾਂਦੀ ਹੈ।ਬੋਰਡ ਵਲੋਂ ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਇਸ ਸਕੀਮ ਅਧੀਨ ਸ਼ਗਨ ਦੀ ਰਕਮ 21000/- ਰੁਪਏ ਤੋਂ ਵਧਾ ਕੇ 31000/- ਰੁਪਏ ਕਰਨ ਦੀ ਤਜਵੀਜ ਪ੍ਰਵਾਨ ਕੀਤੀ ਗਈ।ਇਸ ਸਕੀਮ ਅਧੀਨ ਲਾਭਪਾਤਰੀ ਦੀਆਂ ਦੋ ਲੜਕੀਆਂ ਦੀ ਸ਼ਾਦੀ ਲਈ ਅਤੇ ਜੇਕਰ ਲੜਕੀ ਆਪ ਖੁਦ ਲਾਭਪਾਤਰੀ ਹੋਵੇ ਤਾਂ ਉਸਨੂੰ ਆਪਣੀ ਖੁਦ ਦੀ ਸ਼ਾਦੀ ਲਈ ਉਕਤ ਸੋਧ ਅਨੁਸਾਰ ਸ਼ਗਨ ਦੀ ਰਾਸ਼ੀ ਦਿਤੀ ਜਾਵੇਗੀ।ਇਹ ਸ਼ੋਧ ਉਹਨਾ ਕੇਸਾਂ ਤੇ ਲਾਗੂ ਹੋਵੇਗੀ ਜਿਨਾ ਕੇਸਾਂ ਵਿਚ ਲੜਕੀ ਦੀ ਸ਼ਾਦੀ ਬੋਰਡ ਦੇ ਫੈਸਲੇ ਅਰਥਾਤ ਮਿਤੀ 30.3.2015 ਨੂੰ ਜਾਂ ਉਸ ਤੋਂ ਬਾਅਦ ਹੋਈ ਹੋਵੇ।

**16ਵੀਂ ਮੀਟਿੰਗ**
**ਅਜੰਡਾ ਆਈਟਮ ਨੰ:6**

**ਉਸਾਰੀ ਕਿਰਤੀਆਂ ਅਤੇ ਉਨਾਂ ਦੇ ਪਰਿਵਾਰਕ ਮੈਬਰਾਂ ਲਈ ਪੰਜਾਬ ਸਰਵ ਸਿਹਤ ਬੀਮਾ ਯੋਜਨਾ (PSSBY) ਦੀ ਬਜਾਏ Assurance Mode ਅਧੀਨ ਨਵੀ RSBY ਸਕੀਮ ਅਡਾਪਟ ਕਰਨ ਬਾਰੇ।**

ਸਕੱਤਰ ਬੋਰਡ ਦੇ ਨਿਰਦੇਸ਼ਾਂ ਅਨੁਸਾਰ ਸਲਾਹਕਾਰ ਬੋਰਡ ਵਲੋਂ ਇਸ ਅਜੰਡਾ ਆਈਟਮ ਬਾਰੇ ਮੈਂਬਰ ਸਾਹਿਬਾਨ ਨੂੰ ਵਿਸਥਾਰ ਨਾਲ ਜਾਣੂ ਕਰਵਾਉਂਦੇ ਹੋਏ ਦਸਿਆ ਗਿਆ ਕਿ ਬੋਰਡ ਦੀ ਪਹਿਲਾਂ ਪ੍ਰਵਾਨਤ RSBY ਸਕੀਮ non functional ਹੋ ਜਾਣ ਕਾਰਣ ਬੋਰਡ ਵਲੋਂ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਰਾਹੀਂ ਉਸਾਰੀ ਕਿਰਤੀਆਂ ਲਈ ਪੰਜਾਬ ਸਰਵ ਸਿਹਤ ਬੀਮਾ ਯੋਜਨਾ (**PSSBY**) ਅਡਾਪਟ ਕਰਨ ਦਾ ਫੈਸਲਾ ਲਿਆ ਗਿਆ ਸੀ। ਲੇਕਿਨ **PHSC** ਵਲੋਂ ਇਹ ਸਕੀਮ ਚਾਲੂ ਨਹੀ ਕੀਤੀ ਗਈ। ਹੁਣ ਭਾਰਤ ਸਰਕਾਰ ਦੀਆਂ ਗਾਈਡਲਾਈਨ ਅਨੁਸਾਰ ਪੰਜਾਬ ਸਰਕਾਰ ਵਲੋਂ **RSBY** ਸਕੀਮ ਨੂੰ ਮਿਤੀ 1.4.2015 ਤੋਂ ਨਵੇ ਰੂਪ ਵਿਚ ਚਾਲੂ ਕੀਤਾ ਜਾਵੇਗਾ। ਇਹ ਸਕੀਮ Health Insurance Mode ਦੀ ਬਜਾਏ Health Assurance Mode ਅਧੀਨ ਹੋਵੇਗੀ,ਜਿਸਦੇ ਤਹਿਤ ਲਾਭਪਾਤਰੀ ਕਿਰਤੀ ਸਮੇਤ ਉਸਦੇ ਪਰਿਵਾਰ ਦੇ ਚਾਰ ਹੋਰ ਮੈਂਬਰਾਂ (ਕੁਲ 5 ਜੀਅ) ਦਾ ਸਲਾਨਾ 50,000/- ਰੁਪਏ ਦਾ ਇਲਾਜ ਸਰਕਾਰੀ ਹਸਪਤਾਲ, ਪੈਨਲ ਤੇ ਪ੍ਰਾਈਵੇਟ ਹਸਪਤਾਲਾਂ ਅਤੇ ਮੈਡਿਕਲ ਕਾਲਜ ਨਾਲ attached hospitals ਵਿਚ ਮੁਫਤ ਕਰਵਾਇਆ ਜਾਵੇਗਾ ਅਤੇ ਇਸਦੇ ਨਾਲ OPD ਦੀ ਸੁਵਿਧਾ ਵੀ ਉਪਲਬਧ ਕਰਵਾਈ ਜਾਵੇਗੀ।ਸਲਾਹਕਾਰ ਬੋਰਡ ਵਲੋਂ ਇਹ ਵੀ ਦਸਿਆ ਗਿਆ ਹੈ ਕਿ ਕੇਂਦਰ ਸਰਕਾਰ ਵਲੋਂ **RSBY** ਅਧੀਨ ਤਹਿ ਕੀਤੇ ਨਾਰਮ ਅਨੁਸਾਰ 750/- ਰੁਪਏ ਪ੍ਰਤੀ ਕਿਰਤੀ ਦੇ ਹਿਸਾਬ ਨਾਲ, ਸਾਰੇ ਲਾਈਵ ਕਿਰਤੀਆਂ ਸਬੰਧੀ ਇਕ ਸਾਲ ਵਿੱਚ ਹੋਣ ਵਾਲੇ ਅੰਦਾਜਨ ਖਰਚੇ ਦੀ 50 ਪ੍ਰਤੀਸ਼ਤ ਰਾਸ਼ੀ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਨੂੰ ਬੋਰਡ ਵੱਲੋਂ ਸਕੀਮ ਦੇ ਆਰੰਭ ਵਿੱਚ ਦਿੱਤੀ ਜਾਣੀ ਹੈ। ਜੇਕਰ ਸਮੇਂ-ਸਮੇਂ ਤੇ ਇਸ ਸਕੀਮ ਅਧੀਨ ਕਿਰਤੀਆਂ ਵੱਲੋਂ ਜਿਆਦਾ ਮੈਡੀਕਲ ਖਰਚੇ ਦਾ ਲਾਭ ਲਿਆ ਜਾਂਦਾ ਹੈ ਤਾਂ ਬਾਕੀ 50% ਰਾਸ਼ੀ PHSC ਨੂੰ ਅਦਾ ਕੀਤੀ ਜਾਵੇਗੀ। ਜੇਕਰ ਇਸ ਤੋਂ ਵੀ ਵੱਧ ਖਰਚਾ ਹੁੰਦਾ ਹੈ ਤਾਂ ਇਸ ਦੀ ਭਰਪਾਈ actual ਖਰਚੇ ਅਨੁਸਾਰ ਬੋਰਡ ਵਲੋਂ ਕੀਤੀ ਜਾਵੇਗੀ। ਪਰੰਤੂ ਜੇਕਰ PHSC ਨੂੰ ਦਿੱਤੀ ਗਈ ਰਾਸ਼ੀ ਉਸਾਰੀ ਕਿਰਤੀਆਂ ਦੇ ਮੈਡੀਕਲ ਬੈਨਿਫਿਟ ਲਈ ਨਹੀਂ ਵਰਤੀ ਜਾਂਦੀ, ਤਾਂ ਉਨ੍ਹਾਂ ਵੱਲੋਂ surplus ਰਾਸ਼ੀ ਬੋਰਡ ਨੂੰ ਵਾਪਸ ਕਰ ਦਿਤੀ ਜਾਵੇਗੀ। ਇਸ ਸਕੀਮ ਨੂੰ ਲਾਗੂ ਕਰਨ ਲਈ Third party Administrator (TPA) ਜੋ ਵੀ ਕੇਂਦਰ ਸਰਕਾਰ ਵਲੋਂ IRDA ਦੁਆਰਾ approved ਹੋਵੇ, ਨੂੰ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵਲੋਂ engage ਕੀਤਾ ਜਾਵੇਗਾ। TPA ਦਾ administrative ਅਤੇ ਕਾਰਡ ਬਨਾਉਣ ਸਬੰਧੀ ਜੋ ਵੀ ਖਰਚਾ ਹੋਵੇਗਾ, ਉਹ ਇਸ ਸਕੀਮ ਅਧੀਨ ਬੋਰਡ ਵਲੋਂ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਨੂੰ ਮੁਹੱਈਆ ਕਰਵਾਈ ਰਾਸ਼ੀ ਵਿਚੋਂ ਹੀ ਅਦਾ ਕੀਤਾ ਜਾਵੇਗਾ। ਇਸ ਸਬੰਧੀ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵਲੋਂ ਕੋਈ ਕਮਿਸ਼ਨ ਜਾਂ ਮੁਨਾਫਾ ਨਹੀਂ ਲਿਆ ਜਾਵੇਗਾ। ਉਸਾਰੀ ਕਿਰਤੀਆਂ ਨੂੰ PHSC ਵਲੋਂ pre-authorized ਸਿਹਤ ਕਾਰਡ ਮੁਹੱਈਆ ਕਰਵਾਏ ਜਾਣਗੇ। ਇਸ ਸਾਰੀ ਸਕੀਮ ਨੂੰ ਰੈਗੂਲੇਟ ਕਰਨ ਲਈ ਇਨ੍ਹਾਂ ਤਿੰਨਾਂ ਧਿਰਾਂ ਅਰਥਾਤ ਪੰਜਾਬ ਬੀ.ਓ.ਸੀ.ਡਬਲਿਯੂ ਬੋਰਡ, PHSC ਅਤੇ TPA ਵਿਚਕਾਰ ਤਿੰਨ-ਪੱਖੀ MOU ਸਾਈਨ ਕੀਤਾ ਜਾਵੇਗਾ। ਬੋਰਡ ਦੇ ਸਾਰੇ ਲਾਇਵ ਮੈਂਬਰਾਂ ਨੂੰ ਇਸ ਸਕੀਮ ਅਧੀਨ ਕਵਰ ਕਰਦੇ ਹੋਏ ਪ੍ਰਤੀ ਕਿਰਤੀ ਆਰ.ਐਸ.ਵੀ.ਵਾਈ ਸਕੀਮ ਹੇਠ Health Assurance ਦੇਣ ਲਈ 750/- ਰੁਪੈ ਦੇ ਹਿਸਾਬ ਨਾਲ PHSC ਕੋਲ ਪੈਸੇ ਜਮਾਂ ਕਰਵਾਉਣ ਲਈ ਬੋਰਡ ਦੀ ਪ੍ਰਵਾਨਗੀ ਲੋੜੀਂਦੀ ਹੈ। ਇਸ ਸਕੀਮ ਤੇ ਤਕਰੀਬਨ 11.25 ਕਰੋੜ ਰੁਪੈ ਪ੍ਰਤੀ ਸਾਲ ਖਰਚਾ ਆਉਣ ਦੀ ਉਮੀਦ ਹੈ।

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਹਨਾ ਦੇ ਪਰਿਵਾਰਕ ਮੈਂਬਰਾਂ ਲਈ ਪੰਜਾਬ ਸਰਵ ਸਿਹਤ ਬੀਮਾ ਯੋਜਨਾ (PSSBY) ਦੀ ਬਜਾਏ ਪੰਜਾਬ

ਹੈਲਥ ਸਿਸਟਮ ਕਾਰਪੋਰੇਸ਼ਨ ਰਾਹੀਂ ਨਵੇਂ ਰੂਪ ਵਿੱਚ Health Assurance Mode ਅਧੀਨ ਸਕੀਮ ਚਲਾਈ ਜਾਵੇ ਜਿਸ ਦਾ ਨਾਂ **"ਪੰਜਾਬ ਕੰਸਟ੍ਰਕਸ਼ਨ ਵਰਕਰਜ਼ ਹੈਲਥ ਐਸ਼ੋਰੈਂਸ ਸਕੀਮ"** ਰੱਖਿਆ ਜਾਵੇ ਅਤੇ ਇਸ ਸਬੰਧੀ ਬੋਰਡ ਵਲੋਂ PHSC/TPA ਨਾਲ ਲੋੜੀਂਦਾ MOU ਸਾਈਨ ਕਰਨ ਉਪਰੰਤ ਸਾਰੇ ਲਾਈਵ ਮੈਂਬਰਾਂ ਲਈ ਪ੍ਰੀਮੀਅਮ ਦੀ ਬਣਦੀ ਰਾਸ਼ੀ ਜਮਾ ਕਰਵਾਉਣ ਦੀ ਪ੍ਰਵਾਨਗੀ ਦਿਤੀ ਗਈ।

ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਮੋਕੇ ਤੇ ਇਹ ਵੀ ਕਿਹਾ ਗਿਆ ਕਿ ਇਸ ਸਕੀਮ ਅਧੀਨ ਉਸਾਰੀ ਕਿਰਤੀਆਂ ਨੂੰ PHSC ਵਲੋਂ ਜਾਰੀ ਕੀਤੇ ਜਾਣ ਵਾਲਾ ਸਿਹਤ ਕਾਰਡ ਮਾਨਯੋਗ ਕਿਰਤ ਮੰਤਰੀ ਪੰਜਾਬ ਕਮ ਚੇਅਰਮੈਨ ਬੋਰਡ ਜੀ ਤੋਂ launch ਕਰਵਾਇਆ ਜਾਵੇ ਅਤੇ ਇਹ ਸਕੀਮ ਅਪ੍ਰੈਲ 2015 ਦੋਰਾਨ ਹਰ ਹਾਲਤ ਵਿਚ ਆਰੰਭ ਕੀਤੀ ਜਾਵੇ, ਜਿਸ ਨਾਲ ਮੈਂਬਰ ਸਾਹਿਬਾਨ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ।

| | |
|---|---|
| 16ਵੀਂ ਮੀਟਿੰਗ<br>**ਅਜੰਡਾ ਆਈਟਮ ਨੰ:7** | **ਮਾਨਯੋਗ ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਕਿਰਤ ਵਿਭਾਗ ਜੀ ਨਾਲ ਤੈਨਾਤ ਡਰਾਈਵਰ ਸ਼੍ਰੀ ਜਸਬੀਰ ਸਿੰਘ ਨੂੰ ਸਪੈਸ਼ਲ ਅਲਾਉਂਸ ਦੇਣ ਬਾਰੇ।** |

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਦੇ ਨਾਲ ਬੋਰਡ ਵਲੋਂ ਪੈਸਕੋ ਰਾਹੀਂ ਨਿਯੁਕਤ ਕੀਤੇ ਡਰਾਈਵਰ ਸ਼੍ਰੀ ਜਸਬੀਰ ਸਿੰਘ ਨੂੰ ਸਕਤਰੇਤ ਦੇ ਰੈਗੂਲਰ ਡਰਾਈਵਰਾਂ ਵਾਂਗ ਬੋਰਡ ਵਿਚ ਨਿਯੁਕਤੀ ਦੀ ਮਿਤੀ ਤੋਂ 1400/- ਰੁਪਏ ਪ੍ਰਤੀ ਮਹੀਨਾ ਸਪੈਸ਼ਲ ਅਲਾਉਂਸ ਦੀ ਅਦਾਇਗੀ ਕਰਨ ਸਬੰਧੀ ਬੋਰਡ ਵਲੋਂ ਸਰਵ ਸੰਮਤੀ ਨਾਲ ਕਾਰਜ-ਬਾਅਦ ਪ੍ਰਵਾਨਗੀ ਦਿਤੀ ਗਈ।

| | |
|---|---|
| 16ਵੀਂ ਮੀਟਿੰਗ<br>**ਸਪਲੀਮੈਂਟਰ ਅਜੰਡਾ**<br>**ਆਈਟਮ ਨੰ:1** | **ਨਿਰਮਾਣ ਕਾਰਜਾਂ ਵਿੱਚ ਕੰਮ ਕਰਦੇ ਬੋਰਡ ਦੇ ਰਜਿਸਟਰਡ ਲਾਭਾਤਰੀਆਂ ਅਤੇ ਉਨਾਂ ਦੇ ਪਰਿਵਾਰ ਦੇ ਮੈਂਬਰਾਂ ਦੀ ਸਿਲੀਕਾਸਿਜ਼ ਅਤੇ ਹੋਰ ਬਿਮਾਰੀਆਂ ਦਾ ਪਤਾ ਲਗਾਣ ਲਈ ਮੋਬਾਈਲ ਲੈਬ ਸਕੀਮ ਬਨਾਉਣ ਬਾਰੇ।** |

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਨਿਰਮਾਣ ਕਾਰਜਾਂ ਵਿੱਚ ਕੰਮ ਕਰਦੇ ਬੋਰਡ ਦੇ ਰਜਿਸਟਰਡ ਲਾਭਪਾਤਰੀਆਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਦੀ ਸਿਲੀਕਾਸਿਜ਼ ਅਤੇ ਹੋਰ ਬਿਮਾਰੀਆਂ ਦਾ ਪਤਾ ਲਗਾਣ ਲਈ '**ਮੋਬਾਈਲ ਲੈਬ ਸਕੀਮ**' ਕਿਰਤ ਵਿਭਾਗ ਦੇ ਫੇਕਟਰੀ ਵਿੰਗ ਕੋਲ ਹੈਲਥ ਵਿਭਾਗ ਦੁਆਰਾ ਨਿਯੁਕਤ ਸਹਾਇਕ ਡਾਇਰੈਕਟਰ ਆਫ ਫੈਕਟਰੀਜ (ਮੈਡੀਕਲ) ਦੀ ਸਹਾਇਤਾ ਨਾਲ ਉਨ੍ਹਾਂ ਦੇ ਅਪਣੇ ਕੰਮ ਤੋਂ ਇਲਾਵਾ, ਸਾਂਝੇ ਤੋਰ ਤੇ ਅਨੁਲੱਗ 'ਕ' ਵਿਚ ਨਿਰਧਾਰਤ ਸ਼ਰਤਾਂ ਅਨੁਸਾਰ ਚਲਾਉਣ ਲਈ ਸਿਧਾਂਤਕ ਪ੍ਰਵਾਨਗੀ ਦਿਤੀ ਗਈ।

ਵਿਚਾਰ ਵਟਾਂਦਰੇ ਦੋਰਾਨ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਇਹ ਕਿਹਾ ਗਿਆ ਕਿ ਇਸ ਸਕੀਮ ਅਧੀਨ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨਾ ਦੇ ਪਰਿਵਾਰਕ ਮੈਂਬਰਾਂ ਦੇ ਮੈਡਿਕਲ ਟੈਸਟਾਂ ਲਈ ਫੈਕਟਰੀ ਡਾਇਰੈਟੋਰੇਟ ਦੇ ਜਿਹੜੇ ਡਾਕਟਰਾਂ ਦੀ ਮੋਬਾਇਲ ਲੈਬ ਤੇ ਡਿਉਟੀ ਹੋਵੇਗੀ, ਉਹਨਾ ਦਾ ਮਹੀਨਾ ਵਾਰ ਕਲੈਂਡਰ-ਸ਼ਡਿਉਲ ਬਣਾਇਆ ਜਾਣਾ ਚਾਹੀਦਾ ਹੈ ਅਤੇ ਇਸ ਸਕੀਮ ਨੂੰ ਚਲਾਉਣ ਲਈ ਸਾਲ 2015-16 ਲਈ ਕਿੰਨੇ ਬਜਟ ਦੀ ਲੋੜ ਪਵੇਗੀ, ਉਸ ਅਨੁਸਾਰ ਲੋੜੀਂਦਾ ਐਸਟੀਮੇਟਿਡ ਬਜਟ ਵੀ ਬੋਰਡ ਪਾਸੋਂ ਪ੍ਰਵਾਨ ਕਰਵਾਇਆ ਜਾਵੇ ਅਤੇ ਇਸ ਸਬੰਧੀ ਸਾਰੀ ਪ੍ਰਕਿਰਿਆ ਮੁਕੰਮਲ ਕਰਕੇ ਬੋਰਡ ਦੀ ਅਗਲੀ ਮੀਟਿੰਗ ਵਿਚ ਪੇਸ਼ ਕੀਤੀ ਜਾਵੇ। ਮੋਕੇ ਤੇ ਮਾਨਯੋਗ ਪ੍ਰਮੁੱਖ ਸਕੱਤਰ ਜੀ ਵਲੋਂ

ਸਕੀਮ ਦੀ urgency ਨੂੰ ਤਰਜੀਹ ਦਿੰਦੇ ਹੋਏ ਕਿਹਾ ਗਿਆ ਕਿ ਇਸ ਮੰਤਵ ਲਈ ਐਸਟੀਮੇਟਿਡ ਬਜਟ ਤੁਰੰਤ ਮਾਨਯੋਗ ਚੇਅਰਮੈਨ ਜੀ ਪਾਸੋਂ ਪ੍ਰਵਾਨ ਕਰਵਾਉਣ ਉਪਰੰਤ ਸਕੀਮ ਨੂੰ ਲਾਗੂ ਕੀਤਾ ਜਾਵੇ ਅਤੇ ਇਸ ਦੀ ਕਾਰਜਬਾਦ ਪ੍ਰਵਾਨਗੀ ਬੋਰਡ ਪਾਸੋਂ ਅਗਲੀ ਮੀਟਿੰਗ ਵਿੱਚ ਲੈ ਲਈ ਜਾਵੇ। ਇਸ ਨਾਲ ਮੈਂਬਰ ਸਾਹਿਬਾਨ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ।

**ਜਨਰਲ:**

1. ਮੀਟਿੰਗ ਦੌਰਾਨ ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਬੋਰਡ ਨੂੰ ਜਾਣੂ ਕਰਵਾਇਆ ਗਿਆ ਕਿ ਉਹਨਾ ਪਾਸ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਦਾ ਵੀ ਚਾਰਜ ਹੈ ਅਤੇ ਉਸ ਵਿਭਾਗ ਵਲੋਂ ਗਰੀਬ ਜਨਤਾ ਵਾਸਤੇ ਬਿਲਡਰਾਂ ਵਲੋਂ ਮੁਫਤ ਮੁਹਈਆ ਕਰਵਾਈ ਜਮੀਨ ਤੇ ਮਕਾਨ ਬਣਾਣ ਲਈ HUDCO ਪਾਸੋਂ ਆਸਾਨ ਵਿਆਜ ਤੇ 5 ਲੱਖ ਰੁਪਏ ਤੱਕ ਕਰਜਾ ਦੁਵਾਉਣ ਦੀ ਸਕੀਮ ਵਿਚਾਰ ਅਧੀਨ ਹੈ। ਇਸ ਸਕੀਮ ਅਧੀਨ ਇਕ ਏਕੜ ਜਮੀਨ ਵਿਚ ਅੱਸੀ ਮਕਾਨ ਉਸਾਰੇ ਜਾਣੇ ਹਨ। ਉਸ ਵਿਭਾਗ ਵਲੋਂ HUDCO ਨਾਲ ਸੰਪਰਕ ਕੀਤਾ ਜਾ ਰਿਹਾ ਹੈ ਤਾਂ ਜੋ ਅਜਿਹੇ ਵਿਅਕਤੀਆਂ ਨੂੰ ਲੋਨ ਲੈਣ ਵਿੱਚ ਕੋਈ ਦਿੱਕਤ ਨਾ ਆਵੇ। ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਚਾਹਿਆ ਗਿਆ ਕਿ ਇਸ ਸਕੀਮ ਅਧੀਨ ਬੋਰਡ ਦੇ ਲਾਭਪਾਤਰੀ ਉਸਾਰੀ ਕਿਰਤੀਆਂ ਨੂੰ ਵੀ ਸ਼ਾਮਲ ਕੀਤਾ ਜਾਵੇ ਅਤੇ ਮਕਾਨ ਦੀ ਕੀਮਤ ਤੇ ਜੋ ਵਿਆਜ ਦੀ ਰਾਸ਼ੀ ਬਣੇਗੀ, ਉਸਦੀ 50% ਰਾਸ਼ੀ ਬਤੌਰ ਸਬਸਿਡੀ ਬੋਰਡ ਵਲੋਂ ਮੁਹਈਆ ਕਰਵਾਈ ਜਾਵੇ। ਉਹਨਾ ਨੇ ਇਹ ਵੀ ਕਿਹਾ ਕਿ ਉਸਾਰੀ ਕਿਰਤੀਆਂ ਪਾਸੋਂ ਸ਼ਹਿਰਾਂ ਦੇ ਹਿਸਾਬ ਨਾਲ ਮਕਾਨ ਲੈਣ ਲਈ ਆਪਸ਼ਨ ਲੈ ਲਈ ਜਾਵੇ ਅਤੇ ਇਕ ਲਾਭਪਾਤਰੀ ਉਸਾਰੀ ਕਿਰਤੀ ਦੇ ਪ੍ਰੀਵਾਰ ਨੂੰ ਇਕ ਮਕਾਨ ਹੀ ਦੇਣਾ ਯੋਗ ਹੋਵੇਗਾ ਅਤੇ ਸਕੀਮ ਦੇ ਸ਼ੁਰੂ ਹੋਣ ਤੇ ਇਹ ਮਕਾਨ ਲਾਟਰੀ ਰਾਹੀਂ ਦਿਤੇ ਜਾਣਗੇ।

ਮੈਂਬਰ ਸਾਹਿਬਾਨ ਵਲੋਂ ਇਸ ਸਕੀਮ ਦੀ ਸ਼ਲਾਘਾ ਕਰਦੇ ਹੋਏ ਬੋਰਡ ਦੇ ਲਾਭਪਾਤਰੀ ਉਸਾਰੀ ਕਿਰਤੀਆਂ ਲਈ ਇਹ ਸਕੀਮ ਅਡਾਪਟ ਕਰਨ ਦੀ ਸਹਿਮਤੀ ਪ੍ਰਗਟ ਕੀਤੀ ਗਈ ਅਤੇ ਕਿਹਾ ਗਿਆ ਕਿ ਸਬੰਧਤ ਵਿਭਾਗ ਨਾਲ ਤਾਲਮੇਲ ਕੀਤਾ ਜਾਵੇ ਅਤੇ ਜਦ ਉਸ ਵਿਭਾਗ ਦੀ ਸਕੀਮ ਪਾਸ ਹੋ ਜਾਵੇ ਤਾਂ ਸਕੀਮ ਦੀ ਕਾਪੀ ਪ੍ਰਾਪਤ ਕਰਕੇ ਬੋਰਡ ਵਲੋਂ ਆਪਣੀ ਸਕੀਮ ਤਿਆਰ ਕਰਕੇ ਬੋਰਡ ਪਾਸ ਪੇਸ਼ ਕੀਤੀ ਜਾਵੇ।

2. ਮਾਨਯੋਗ ਪ੍ਰਮੁੱਖ ਸਕੱਤਰ ਜੀ ਵਲੋਂ ਇਹ ਵੀ ਕਿਹਾ ਗਿਆ ਕਿ ਪੰਜਾਬ ਲੇਬਰ ਵੈਲਫੇਅਰ ਬੋਰਡ ਵਲੋਂ ਮੁਹਾਲੀ ਵਿਖੇ ਕਿਰਤ ਭਵਨ ਦੀ ਜੋ ਉਸਾਰੀ ਕੀਤੀ ਜਾ ਰਹੀ ਹੈ, ਉਸਦੀ ਪ੍ਰਗਤੀ ਬਾਰੇ ਰਿਪੋਟ ਇਸ ਬੋਰਡ ਦੀ ਮੀਟਿੰਗ ਵਿਚ ਵੀ ਮੈਂਬਰ ਸਾਹਿਬਾਨ ਦੀ ਜਾਣਕਾਰੀ ਲਈ ਪੇਸ਼ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਉਸ ਬਿਲਡਿੰਗ ਦੀ ਉਸਾਰੀ ਲਈ ਇਸ ਬੋਰਡ ਵਲੋਂ ਵੀ ਕਰਜਾ ਦੇਣਾ ਪ੍ਰਵਾਨ ਕੀਤਾ ਗਿਆ ਹੈ ਅਤੇ ਇਸ ਬੋਰਡ ਦੇ ਦਫਤਰ ਲਈ ਵੀ ਉਸ ਬਿਲਡਿੰਗ ਵਿਚ ਜਗ੍ਹਾ ਮੁਹੱਈਆ ਕਰਵਾਈ ਜਾਣੀ ਹੈ।ਇਸ ਨਾਲ ਮੈਂਬਰ ਸਾਹਿਬਾਨ ਵਲੋਂ ਸਹਮਿਤੀ ਪ੍ਰਗਟ ਕੀਤੀ ਗਈ।

3. ਮੀਟਿੰਗ ਦੌਰਾਨ ਸ੍ਰੀ ਰਮੇਸ਼ ਕੁਮਾਰ ਸ਼ਰਮਾ - ਮੈਂਬਰ ਵਲੋਂ ਬੋਰਡ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਬੋਰਡ ਦੀ ਦਾਹ ਸੰਸਕਾਰ ਸਕੀਮ ਅਧੀਨ ਲਾਭਪਾਤਰੀ ਜਾਂ ਉਸਦੇ ਪਰਿਵਾਰਕ ਮੈਂਬਰ ਨੂੰ 10,000/- ਰੁਪਏ ਦੀ ਰਾਸ਼ੀ ਬਤੌਰ ਵਿੱਤੀ ਸਹਾਇਤਾ ਦੇਣ ਦਾ ਪ੍ਰਵਾਧਾਨ ਹੈ। ਲੇਕਿਨ ਉਹਨਾ ਦੇ ਧਿਆਨ ਵਿਚ ਆਇਆ ਹੈ ਕਿ ਇਹ ਰਾਸ਼ੀ ਕਈ ਕਈ ਮਹੀਨਿਆ ਤਕ ਲਾਭਪਾਤਰੀ ਨੂੰ ਨਹੀ ਮਿਲਦੀ ਕਿਉਂਕਿ ਇਸ ਸਬੰਧੀ ਲਾਭਪਾਤਰੀ ਜਾਂ ਉਸਦੇ ਪਰਿਵਾਰ ਦੇ ਮੈਂਬਰ ਨੂੰ ਇਹ ਵਿੱਤੀ ਸਹਾਇਤਾ ਲੈਣ ਲਈ ਨਿਰਧਾਰਤ ਪ੍ਰਫਾਰਮੇ ਵਿਚ ਅਰਜੀ ਦੇਣ ਤੋਂ ਲੈਕੇ ਸਬ ਡਵਿਜਨਲ ਪੱਧਰ ਤੇ ਪੜਚੋਲ ਉਪਰੰਤ ਸਬੰਧਤ ਡਿਪਟੀ ਕਮਿਸ਼ਨਰ ਦੀ ਮੰਜੂਰੀ ਨਾਲ ਬੋਰਡ ਵਲੋਂ ਰਕਮ ਰਲੀਜ ਕਰਨ ਤਕ ਲੰਬਾ ਸਮਾ ਇੰਤਜਾਰ ਕਰਨਾ ਪੈਂਦਾ ਹੈ।ਉਨਾਂ ਵਲੋਂ ਸੁਝਾ ਦਿਤਾ ਗਿਆ ਕਿ ਇਸ ਸਬੰਧ ਵਿਚ ਕਿਰਤ ਵਿਭਾਗ ਦੇ ਹਰ ਇਕ ਜਿਲਾ ਅਧਿਕਾਰੀ ਪਾਸ ਬੋਰਡ ਵਲੋਂ ਕੁਝ ਰਕਮ ਇਮਪਰੈਸਟ ਦੇ ਰੂਪ ਵਿਚ ਰਖਣੀ ਵਾਜਬ ਹੋਵੇਗੀ ਤਾਂ ਜੋ ਉਸ ਰਕਮ ਵਿਚੋਂ ਸਬੰਧਤ ਅਧਿਕਾਰੀ ਲਾਭਪਾਤਰੀ/ਉਸਦੇ ਪਰਿਵਾਰ ਦੇ ਮੈਂਬਰਾਂ ਦੀ ਅਰਜੀ ਪ੍ਰਾਪਤ ਹੋਣ ਤੇ ਇਸ ਸਕੀਮ ਅਧੀਨ ਤੁਰੰਤ ਰਾਸ਼ੀ ਉਸਨੂੰ ਮੁਹੱਈਆ ਕਰਵਾ ਸਕੇ।ਬੋਰਡ ਵਲੋਂ ਇਸ ਮੁੱਦੇ ਤੇ ਵਿਚਾਰ ਕਰਨ ਉਪਰੰਤ ਇਹ ਮਹਿਸੁਸ ਕੀਤਾ ਗਿਆ ਕਿ ਕਿਉਂਕਿ ਇਹ ਵਿੱਤੀ ਮਾਮਲਾ ਹੈ ਅਤੇ ਸਕੀਮ ਦੀਆਂ ਸਰਤਾਂ ਅਨੁਸਾਰ Death Certificate ਆਦਿ ਸਬੰਧੀ Document ਹੋਣੇ ਜਰੂਰੀ

ਹਨ, ਇਸ ਲਈ ਇਸ ਮੁੱਦੇ ਨੂੰ ਪੂਰੀ ਤਰਾਂ ਘੋਖਕੇ ਅਗਲੀ ਮੀਟਿੰਗ ਵਿਚ ਪੇਸ਼ ਕੀਤਾ ਜਾਣਾ ਚਾਹੀਦਾ ਹੈ।ਮੈਂਬਰ ਸਾਹਿਬਾਨ ਵਲੋ ਇਸ ਨਾਲ ਸਹਿਮਤੀ ਪ੍ਰਗਟ ਕੀਤੀ ਗਈ।

4. ਮੀਟਿੰਗ ਦੌਰਾਨ ਸ੍ਰੀ ਨਵਦੀਪ ਸੂਦ, ਡਿਪਟੀ ਚੀਫ ਲੇਬਰ ਕਮਿਸ਼ਨਰ - ਭਾਰਤ ਸਰਕਾਰ ਚੰਡੀਗੜ੍ਹ ਜੋ ਕਿ ਬਤੌਰ ਮੈਂਬਰ ਮੀਟਿੰਗ ਵਿਚ ਉਪਸਥਿਤ ਸਨ, ਵਲੋਂ ਦਸਿਆ ਗਿਆ ਕਿ ਉਸਾਰੀ ਕਿਰਤੀਆਂ ਦੇ ਕੁਝ ਬੱਚੇ ਆਮ ਕਰਕੇ ਮਾਨਸਿਕ ਰੋਗਾਂ ਜਾਂ ਅਪੰਗਤਾ ਨਾਲ ਗ੍ਰਸਤ ਹੁੰਦੇ ਹਨ ਅਤੇ ਅਜਿਹੇ ਕਿਰਤੀਆਂ ਨੂੰ ਆਪਣੀ ਰੋਜੀ-ਰੋਟੀ ਕਮਾਉਣ ਲਈ ਦਿਹਾੜੀ ਤੇ ਕੰਮ ਕਰਦੇ ਸਮੇ ਦੌਰਾਨ ਆਪਣੇ ਅਜਿਹੇ ਬਚਿਆਂ ਦੀ ਸਾਂਭ-ਸੰਭਾਲ ਦਾ ਇੰਤਜਾਮ ਕਰਨ ਵਿਚ ਕਾਫੀ ਪ੍ਰੇਸ਼ਾਨੀ ਆਉਂਦੀ ਹੈ ਅਤੇ ਅਜਿਹੇ ਬਚਿਆਂ ਦੇ ਇਲਾਜ/ਦਵਾਈਆਂ ਆਦਿ ਤੇ ਵੀ ਉਹਨਾ ਦਾ ਕਾਫੀ ਖਰਚਾ ਹੋ ਜਾਂਦਾ ਹੈ।ਉਹਨਾ ਵਲੋਂ ਸੁਝਾਅ ਦਿਤਾ ਗਿਆ ਹੈ ਕਿ ਉਸਾਰੀ ਕਿਰਤੀਆਂ ਨੂੰ ਆਪਣੇ ਅਜਿਹੇ ਮਾਨਸਿਕ ਰੋਗਾਂ/ਅਪੰਗਤਾ ਨਾਲ ਗ੍ਰਸਤ ਬਚਿਆਂ ਦੀ ਸਾਂਭ-ਸੰਭਾਲ ਬੋਰਡ ਵਲੋਂ ਕੁਝ ਰਾਸ਼ੀ ਬਤੌਰ ਵਿਤੀ ਸਹਾਇਤਾ ਦਿਤੀ ਜਾਣੀ ਚਾਹੀਦੀ ਹੈ। ਇਸ ਮੁੱਦੇ ਬਾਰੇ ਵਿਚਾਰ ਵਟਾਂਦਰਾ ਕਰਨ ਉਪਰੰਤ ਮੈਂਬਰ ਸਾਹਿਬਾਨ ਵਲੋਂ ਕਿਹਾ ਗਿਆ ਕਿ ਇਸ ਬਾਰੇ ਸਵੈ ਸਪਸ਼ਟ ਸਕੀਮ ਤਿਆਰ ਕਰਕੇ ਅਗਲੀ ਮੀਟਿੰਗ ਵਿਚ ਵਿਚਾਰਨ ਲਈ ਪੇਸ਼ ਕੀਤੀ ਜਾਵੇ।

ਮਾਨਯੋਗ ਚੈਅਰਮੈਨ ਜੀ ਦੇ ਧੰਨਵਾਦ ਦੇ ਮਤੇ ਨਾਲ ਮੀਟਿੰਗ ਸਮਾਪਤ ਹੋਈ।